BRAMPTON

Media Release

ਤੁਰੰਤ ਰਿਲੀਜ ਲਈ

**ਵਨ ਮਿਲੀਅਨ ਟ੍ਰੀਜ ਪ੍ਰੋਗਰਾਮ: 2020 ਵਿੱਚ ਪੂਰੇ ਬ੍ਰੈਂਪਟਨ ਵਿੱਚ 50,000 ਨਵੇਂ ਰੁੱਖ ਲਗਾਏ ਜਾਣਗੇ**

ਬ੍ਰੈਂਪਟਨ, ਓਨਟੈਰੀਓ (19 ਫਰਵਰੀ, 2020) – ਅੱਜ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ ਵਨ ਮਿਲੀਅਨ ਟ੍ਰੀਜ ਪ੍ਰੋਗਰਾਮ (One Million Trees Program) ਦੇ ਹਿੱਸੇ ਵਜੋਂ, ਹਰ ਸਾਲ ਪੂਰੇ ਸ਼ਹਿਰ ਵਿੱਚ 50,000 ਨਵੇਂ ਰੁੱਖ ਲਗਾਉਣ ਦਾ ਸਮਰਥਨ ਕੀਤਾ। ਇਹ ਜਲਵਾਯੂ ਸਬੰਧੀ ਤਬਦੀਲੀ ਦੇ ਖਤਰੇ ਨਾਲ ਨਿਪਟਣ ਦਾ ਦੂਜਾ ਵੱਡਾ ਕਦਮ ਹੈ।

2019 ਵਿੱਚ, ਕਾਉਂਸਿਲ ਨੇ ਜਲਵਾਯੂ ਸਬੰਧੀ ਐਮਰਜੈਂਸੀ ਘੋਸ਼ਿਤ ਕਰਨ ਲਈ ਸਰਬਸੰਮਤੀ ਨਾਲ ਵੋਟ ਦਿੱਤੀ ਸੀ। ਇਸਦਾ ਉਦੇਸ਼ ਸ਼ਹਿਰ ਵਿੱਚ ਪੈਦਾ ਹੋਣ ਵਾਲੀਆਂ ਗ੍ਰੀਨਹਾਊਸ ਗੈਸ ਨਿਕਾਸੀਆਂ ਨੂੰ 2050 ਤੱਕ 80 ਪ੍ਰਤੀਸ਼ਤ ਤੱਕ ਘੱਟ ਕਰਨਾ ਹੈ।

ਪਿਛਲੇ ਪੰਜ ਸਾਲਾਂ ਵਿੱਚ, ਸਿਟੀ ਅਤੇ ਇਸਦੇ ਭਾਈਵਾਲਾਂ – ਜਿਹਨਾਂ ਵਿੱਚ ਸ਼ਾਮਲ ਹਨ, ਸੰਭਾਲ ਅਥਾੱਰਿਟੀਜ, ਰੀਜਨ ਆਫ ਪੀਲ (Region of Peel), ਸਕੂਲ ਬੋਰਡ ਅਤੇ ਵਿਕਾਸ ਇੰਡਸਟਰੀ – ਨੇ ਬ੍ਰੈਂਪਟਨ ਵਿੱਚ ਹਰ ਸਾਲ ਔਸਤਨ 43,000 ਰੁੱਖ ਲਗਾਏ ਹਨ। ਸਾਲਾਨਾ ਤੌਰ ਤੇ ਲਗਾਏ ਜਾਣ ਵਾਲੇ ਘੱਟੋ-ਘੱਟ 7,000 ਰੁੱਖਾਂ ਦੇ ਵਾਧੇ ਨਾਲ, ਸਿਟੀ, ਬ੍ਰੈਂਪਟਨ 2040 ਵਿਜਨ (Brampton 2040 Vision) ਨੂੰ ਪੂਰਾ ਕਰਨ ਅਤੇ 2040 ਤੱਕ ਇੱਕ ਮਿਲੀਅਨ ਰੁੱਖਾਂ ਦੇ ਟੀਚੇ ਤੱਕ ਪਹੁੰਚਣ ਦੇ ਇੱਕ ਕਦਮ ਹੋਰ ਕੋਲ ਹੈ।

ਸ਼ਹਿਰੀ ਜੰਗਲ ਵਿਕਸਿਤ ਕਰਦੇ ਹੋਏ, ਥਾਵਾਂ ਨੂੰ ਹੋਰ ਸੁੰਦਰ ਬਣਾਉਂਦੇ ਹੋਏ ਅਤੇ ਜਨਤਕ ਸਿਹਤ ਨੂੰ ਸਹਿਯੋਗ ਕਰਦੇ ਹੋਏ ਰੁੱਖ, ਜਲਵਾਯੂ ਸਬੰਧੀ ਤਬਦੀਲੀ ਨੂੰ ਘਟਾਉਣ ਅਤੇ ਅਨੁਕੂਲ ਬਣਾਉਣ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ। ਵਨ ਮਿਲੀਅਨ ਟ੍ਰੀਜ ਪ੍ਰੋਗਰਾਮ ਦੇ ਨਾਲ, ਹਰੀ ਕੈਨੋਪੀ ਨੂੰ ਵਧਾਉਣ ਅਤੇ ਈਕੋਸਿਸਟਮ ਸੇਵਾਵਾਂ ਦੀ ਡਿਲੀਵਰੀ ਨੂੰ ਵਿਕਸਿਤ ਕਰਨ ਲਈ, ਸੜਕਾਂ, ਜਨਤਕ ਪਾਰਕਾਂ ਅਤੇ ਮੌਜੂਦਾ ਰਿਹਾਇਸ਼ੀ ਗਵਾਂਢਾਂ ਅਤੇ ਵਿਵਸਾਇਕ/ਇੰਡਸਟ੍ਰੀਅਲ ਜ਼ਮੀਨਾਂ ਵਿੱਚ ਸਿਟੀ ਦੀ ਮਾਲਕੀ ਵਾਲੀਆਂ ਹੋਰ ਜ਼ਮੀਨਾਂ ਦੇ ਨਾਲ, ਵੱਧ ਰੁੱਖ ਲਗਾਏ ਜਾਣਗੇ।

ਸਿਟੀ ਸਥਿਰਤਾ ਲਈ ਵਚਨਬੱਧ ਹੈ। ਇਹ ਯਤਨ ਹਰੇ-ਭਰੇ ਸ਼ਹਿਰ (Green City), ਟਰਮ ਆਫ ਕਾਉਂਸਿਲ (Term of Council) ਪ੍ਰਾਇਰਟੀ ਦੇ ਨਿਰਮਾਣ ਵਿੱਚ ਯੋਗਦਾਨ ਪਾਉਂਦੇ ਹਨ।

**ਸੰਖੇਪ ਤੱਥ:**

- ਇਸ ਵੇਲੇ ਬ੍ਰੈਂਪਟਨ ਵਿੱਚ ਲਗਭਗ 3.6 ਮਿਲੀਅਨ ਰੁੱਖ ਹਨ, ਜੋ ਕੁੱਲ ਜ਼ਮੀਨ ਦੇ 18 ਪ੍ਰਤੀਸ਼ਤ ਭਾਗ ਤੇ ਹਨ।
- ਵਨ ਮਿਲੀਅਨ ਟ੍ਰੀਜ ਪ੍ਰੋਗਰਾਮ ਜ਼ਮੀਨ ਵਿੱਚ ਨਵੇਂ ਰੁੱਖ ਲਗਾਉਣ ਤੇ ਕੇਂਦਰਿਤ ਹੈ। 2040 ਤੱਕ ਇੱਕ ਮਿਲੀਅਨ ਰੁੱਖਾਂ ਦੇ ਟੀਚੇ ਨੂੰ ਪੂਰਾ ਕਰਨ ਲਈ, ਸਾਲਾਨਾ ਤੌਰ ਤੇ ਵਾਧੂ 7,000 ਰੁੱਖ ਲਗਾਉਣ ਦੀ ਲੋੜ ਹੋਵੇਗੀ।
- ਸ਼ਹਿਰੀ ਜੰਗਲ ਦੀ ਸੂਚੀ ਬਣਾਉਣ, ਸੰਚਾਲਨਾਂ, ਦੇਖਭਾਲ ਅਤੇ ਨਿਗਰਾਨੀ ਦੇ ਸਬੰਧ ਵਿੱਚ ਨਿਰਦੇਸ਼ਾਂ ਤੇ, ਸਿਟੀ ਦੇ *ਅਰਬਨ ਫੋਰੈਸਟ ਮੈਨੇਜਮੈਂਟ ਪਲਾਨ (Urban Forest Management Plan)* ਵਿੱਚ ਧਿਆਨ ਦਿੱਤਾ ਜਾਵੇਗਾ, ਜੋ ਇਸ ਵੇਲੇ ਵਿਕਸਿਤ ਕੀਤਾ ਜਾ ਰਿਹਾ ਹੈ।

**ਹਵਾਲੇ**

"ਇਹ ਬ੍ਰੈਂਪਟਨ ਨੂੰ ਹਰਿਆ-ਭਰਿਆ ਸ਼ਹਿਰ ਬਣਾਉਣ ਵੱਲ ਦੂਜਾ ਰੋਮਾਂਚਕ ਰਕਮ ਹੈ। ਸਿਟੀ ਜਲਵਾਯੂ ਸਬੰਧੀ ਤਬਦੀਲੀ ਦੀ ਚੁਣੌਤੀ ਤੇ ਧਿਆਨ ਦੇਣ ਵਿੱਚ ਆਪਣੀ ਭੂਮਿਕਾ ਨਿਭਾ ਰਹੀ ਹੈ। ਗਲੋਬਲ ਕੋਵਨੈਂਟ ਆਫ ਮੇਅਰਸ ਫਾਰ ਕਲਾਈਮੇਟ ਐਂਡ ਐਨਰਜੀ ਦਾ ਮੈਂਬਰ ਹੋਣ ਦੇ ਤੌਰ ਤੇ, ਮੈਂ ਇਸ ਸਾਲ ਲਾਗੂ ਕੀਤੀ

ਜਾ ਰਹੀ ਇਸ ਸ਼ਾਨਦਾਰ ਅਤੇ ਚੁਣੌਤੀਪੂਰਣ ਕਾਰਜਨੀਤੀ ਨੂੰ ਅਤੇ ਆਉਣ ਵਾਲੇ ਸਾਲਾਂ ਵਿੱਚ ਵਾਤਾਵਰਣ-ਅਨੁਕੂਲਿਤ ਹੋਰ ਪਹਿਲਕਦਮੀਆਂ ਨੂੰ ਵੀ ਦੇਖਣ ਲਈ ਉਤਸ਼ਾਹਿਤ ਹਾਂ।"

– *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"2050 ਤੱਕ ਬ੍ਰੈਂਪਟਨ ਵਿੱਚ ਗ੍ਰੀਨਹਾਊਸ ਗੈਸ ਨਿਕਾਸੀਆਂ ਨੂੰ 80 ਪ੍ਰਤੀਸ਼ਤ ਘੱਟ ਕਰਨ ਦਾ ਸਾਡਾ ਟੀਚਾ ਕਾਫੀ ਚੁਣੌਤੀਪੂਰਣ ਹੈ, ਪਰੰਤੂ ਅਸੀਂ ਸਾਡੇ ਭਾਈਚਾਰਕ ਭਾਈਵਾਲਾਂ ਦੇ ਨਾਲ ਮਿਲ ਕੇ ਅਤੇ ਵਨ ਮਿਲੀਅਨ ਟ੍ਰੀਜ ਪ੍ਰੋਗਰਾਮ ਜਿਹੀਆਂ ਪਹਿਲਕਦਮੀਆਂ ਨਾਲ ਇਸਨੂੰ ਪੂਰਾ ਕਰ ਸਕਦੇ ਹਾਂ।"

- *ਪਾੱਲ ਵਿਸੈਂਟ (Paul Vicente), ਰੀਜਨਲ ਕਾਉਂਸਲਰ ਵਾਰਡਸ 1 ਅਤੇ 5 ਅਤੇ ਚੇਅਰ, ਪਬਲਿਕ ਵਰਕਸ ਐਂਡ ਇੰਜੀਨੀਅਰਿੰਗ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ ਵਿੱਚ ਕੁਝ ਬਹੁਤ ਹੀ ਸ਼ਾਨਦਾਰ ਹਰੀਆਂ-ਭਰੀਆਂ ਥਾਵਾਂ ਹਨ। ਵਨ ਮਿਲੀਅਨ ਟ੍ਰੀਜ ਪ੍ਰੋਗਰਾਮ ਇੱਕ ਰੋਮਾਂਚਕ ਪਹਿਲਕਦਮੀ ਹੈ, ਜੋ ਭਾਈਵਾਲੀਆਂ ਦੇ ਦੁਆਰਾ, ਹਰਿਆ-ਭਰਿਆ ਸ਼ਹਿਰ ਬਣਨ ਦੀ ਕਾਉਂਸਿਲ ਦੀ ਤਰਜੀਹ ਨੂੰ ਲਗਾਤਾਰ ਅੱਗੇ ਵਧਾਉਣ ਅਤੇ ਸਾਡੇ ਨਿਵਾਸੀਆਂ ਵਾਸਤੇ ਅਨੰਦ ਮਾਣਨ ਲਈ ਵੱਧ ਥਾਵਾਂ ਨੂੰ ਰੁੱਖਾਂ ਵਾਲਾ ਬਣਾਉਣ ਲਈ ਸਾਡੇ ਸਮਪਰਿਤ ਸਟਾਫ਼ ਦੀ ਮਦਦ ਕਰੇਗੀ।"

– *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca